# ਜਿੱਨਿੰਗ (ਕਪਾਹ ਵੇਲਣ ਦਾ ਕੰਮ) ਅਤੇ ਦਬਾਅ (ਪ੍ਰੈੱਸਿੰਗ)

# ਕਾਰਖਾਨਿਆਂ ਦਾ ਨਿਰਧਾਰਨ ਅਤੇ ਦਰਜਾਬੰਦੀ

**14 ਅਕਤੂਬਰ 2014 ਤੱਕ ਸੋਧਿਆ ਹੋਇਆ**

ਜਿੱਨਿੰਗ ਅਤੇ ਦਬਾਅ ਕਾਰਖਾਨਿਆਂ ਦੇ ਨਿਰਧਾਰਨ ਅਤੇ ਦਰਜਾਬੰਦੀ ਲਈ ਸਕੀਮ

## 1.0 ਖੇਤਰ ਅਤੇ ਉਦੇਸ਼

1.1 ਇਹ ਸਕੀਮ ਭਾਰਤ ਵਿੱਚ ਆਧੁਨਿਕ ਜਿੱਨਿੰਗ ਅਤ ਦਬਾਅ ਕਾਰਖਾਨਿਆਂ ਦਾ ਵਸਤਰ ਸਮਿਤੀ (ਟੈਕਸਟਾਈਲ ਕਮੇਟੀ) ਰਾਹੀਂ ਹੇਠ ਲਿਖੀਆਂ ਸਹੂਲਤਾਂ ਲਈ ਨਿਰਧਾਰਨ ਅਤੇ ਦਰਜਾਬੰਦੀ ਤਹਿ ਕਰਦੀ ਹੈ।

ੳ) ਜਿੱਨਿੰਗ ਅਤੇ ਦਬਾਅ ਕਾਰਖਾਨਿਆਂ ਨੂੰ ਆਪਣੀ ਮੌਜੂਦਾ ਸਥਿਤੀ ਨੂੰ ਜਾਨਣ ਅਤੇ ਇਸ ਵਿੱਚ ਸੁਧਾਰ ਦੀ ਗੁੰਜਾਇਸ਼ ਦੀ ਪਛਾਣ ਕਰਨਾ।

ਅ) ਜਿੱਨਿੰਗ ਅਤੇ ਦਬਾਅ ਕਾਰਖਾਨੇ ਨੂੰ ਆਪਣੇ ਫੈਕਟਰੀ ਦੀ ਭਰੋਸੇਯੋਗਤਾ ਨੂੰ ਉਤਸ਼ਾਹਿਤ ਕਰਨ ਅਤੇ ਇੱਕ ਪ੍ਰਭਾਵਸ਼ਾਲੀ ਬਜ਼ਾਰੀ ਸੰਦ ਦੇ ਰੂਪ ਵਿੱਚ ਵਰਤਣ ਲਈ।

ੲ) ਕਪਾਹ ਵਪਾਰੀ ਨੂੰ ਆਪਣੀ ਕਪਾਹ ਦੀ ਗੁਣਵੱਤਾ ਕਾਰਵਾਈ ਦੀ ਲੋੜ ਨੂੰ ਪੂਰਾ ਕਰਨ ਲਈ ਜਿੱਨਿੰਗ ਅਤੇ ਦਬਾਅ ਕਾਰਖਾਨੇ ਦੀ ਚੋਣ ਕਰਨ ਲਈ ।

ਸ) ਕਤਾਈ ਮਿਲਾਂ ਨੂੰ ਆਪਣੀ ਕਪਾਹ ਦੀ ਪੂਰਤੀ ਦੀਆਂ ਲੋੜਾਂ ਵਾਸਤੇ ਉਚਿਤ ਜਿਨਿੰਗ ਅਤੇ ਦਬਾਅ ਕਾਰਖਾਨਿਆਂ ਦੀ ਚੋਣ ਕਰਨਾ।

ੲ) ਸਾਫ਼ ਕਪਾਹ ਲਈ ਇੱਕ ਬ੍ਰਾਂਡ ਤਿਆਰ ਕਰਨਾ।

1.2 ਸਕੀਮ ਦੇ ਤਹਿਤ ਨਿਰਧਾਰਨ ਅਤੇ ਦਰਜਾਬੰਦੀ ਸਵੈ-ਇੱਛਕ ਹੈ।

## 2.0 ਪਰਿਭਾਸ਼ਾਵਾਂ :

### 2.1 ਨਿਰਧਾਰਨ

ਇਸ ਸਕੀਮ ਵਿੱਚ ਦਿੱਤੇ ਮਾਪਦੰਡ ਦੇ ਆਧਾਰ ਤੇ ਆਧੁਨਿਕ ਜਿੱਨਿੰਗ ਅਤੇ ਦਬਾਅ ਕਾਰਖਾਨੇ ਦੀ ਬੁਨਿਆਦੀ ਸਹਲਤ ਅਤੇ ਪ੍ਰਬੰਧਨ ਦੇ ਅਮਲ ਦਾ ਮੁਲਾਂਕਣ ।

### 2.2 ਜਿੱਨਿੰਗ ਅਤੇ ਦਬਾਅ ਕਾਰਖਾਨਾ

ਕਾਨੂੰਨੀ ਪਛਾਣ ਰੱਖਣ ਵਾਲਾ ਇੱਕ ਕਾਰਖਾਨਾ, ਜੋ ਕਿ ਕਪਾਹ ਦੀ ਜਿੱਨਿੰਗ ਕਰ ਕੇ ਰਈਂ ਅਤੇ ਰੂੰਈਂ ਨੂੰ ਦਬਾਅ ਪਾ ਕੇ ਗੰਢਾਂ ਦੀ ਸ਼ਕਲ ਵਿੱਚ ਤਿਆਰ ਕਰਨ ਵਿੱਚ ਲੱਗਾ ਹੈ।

ਨੋਟ : ਜਿੱਥੇ ਜਿੱਨਿੰਗ ਅਤੇ ਦਬਾਅ ਕਾਰਖਾਨੇ ਵਿੱਚ ਕਪਾਹ ਦੇ ਬੀਜ (ਵੜੇਵੇਂ) ਤੋਂ ਤੇਲ ਕੱਢਣ ਦੀ ਸਹੂਲਤ ਉਸੇ ਇਮਾਰਤ ਵਿੱਚ ਹੋਵੇ, ਨਿਰਧਾਰਨ ਦੇ ਕੰਮ ਦਾ ਦਾਇਰਾ, ਜਿੱਨਿੰਗ ਅਤੇ ਦਬਾਅ ਦੇ ਕੰਮ ਨੂੰ ਨਿਰਧਾਰਨ ਕਰਨ ਤੱਕ ਹੀ ਸੀਮਿਤ ਹੈ।

2.3 **ਆਧੁਨਿਕ ਜਿੱਨਿੰਗ ਅਤੇ ਦਬਾਅ ਕਾਰਖਾਨਾ** :

ਜਿੱਨਿੰਗ ਅਤੇ ਦਬਾਅ ਕਾਰਖਾਨਾ ਜੋ ਕਿ ਘੱਟੋ-ਘੱਟ ਨਿਰਧਾਰਨ ਮਾਪਦੰਡ ਪੂਰਾ ਕਰਦਾ ਹੈ, ਉਸਨ **ਅਨੁਬੰਧ 1** ਵਿੱਚ ਸੂਚੀ-ਬੱਧ ਕੀਤਾ ਗਿਆ ਹੈ।

2.4 **ਬੁਨਿਆਦੀ ਮਾਪਦੰਡ** :

ਇੱਕ ਆਧੁਨਿਕ ਜਿਨਿੰਗ ਅਤੇ ਦਬਾਅ ਕਾਰਖਾਨੇ ਦੇ ਬੁਨਿਆਦੀ ਭਾਗ ਜਿਸ ਵਿੱਚ ਕਿ ਮਸ਼ੀਨਰੀ, ਸਿਵਿਲ ਅਤੇ ਹੋਰ ਬੁਨਿਆਦੀ ਢਾਂਚੇ ਸ਼ਾਮਿਲ ਹਨ, ਨਿਰਧਾਰਨ ਵਾਸਤੇ ਇਸ ਸਕੀਮ ਵਿੱਚ ਵਿਚਾਰੇ ਜਾਂਦੇ ਹਨ।

2.5 **ਪ੍ਰਬੰਧਨ ਮਾਪਦੰਡ**

ਇਸ ਸਕੀਮ ਅਨੁਸਾਰ ਆਧਨਿਕ ਜਿੱਨਿੰਗ ਅਤੇ ਦਬਾਅ ਕਾਰਖਾਨੇ ਦੀ ਪ੍ਰਬੰਧ ਸ਼ਾਖਾ ਅਤੇ ਕੰਮ ਦਾ ਅਮਲ ਵੇਲੀ ਕਪਾਹ ਵਿੱਚੋਂ ਸ਼ਾਮਿਲ ਗੰਦਗੀ ਦਾ ਪੱਧਰ ਨਿਰਧਾਰਨ ਕਰਨਾ।

2.6 **ਦਰਜਾਬੰਦੀ**

2.6.1 ਦਰਜਾਬੰਦੀ ਆਧੁਨਿਕ ਜਿੱਨਿੰਗ ਅਤੇ ਦਬਾਅ ਕਾਰਖਾਨੇ ਨੂੰ ਵੱਖ-ਵੱਖ ਸ਼੍ਰੇਣੀਆਂ ਵਿੱਚ ਰੱਖਣ ਦੀ ਕਾਰਵਾਈ ਕਰਨਾ ਹੈ ਜੋ ਕਿ ਬੁਨਿਆਦੀ ਮਾਪਦੰਡ, ਪ੍ਰਬੰਧਨ ਮਾਪਦੰਡ ’ਤੇ ਅਧਾਰਿਤ ਹੈ ਅਤੇ ਦਰਜਾਬੰਦੀ ਦੇ ਲਈ ਮਾਪਦੰਡ ਇਸ ਸਕੀਮ ’ਚ ਦਿੱਤਾ ਗਿਆ ਹੈ।

2.6.2 ਜਿੱਨਿੰਗ ਅਤੇ ਦਬਾਅ ਕਾਰਖਾਨੇ ਦੀ ਦਰਜਾਬੰਦੀ ਇੱਕ ਕਾਰਖਾਨਾ ਨਿਰਧਾਰਨ ਹੈ ਜੋ ਕਿ ਵੇਲੀ ਕਪਾਹ ਦੀ ਗੁਣਵੱਤਾ ਦੀ ਸਮਰੱਥਾ ਦਸਦਾ ਹੈ ਅਤੇ ਉਤਪਾਦ ਸਰਟੀਫਿਕੇਸ਼ਨ ਦੇ ਤੌਰ ਤੇ ਅਰਥ ਨਾ ਕੀਤੇ ਜਾਣ।

2.7 **ਹਾਈਬ੍ਰਿਡ (ਦੋਗਲਾ) ਕਾਰਖ਼ਾਨਾ**

ਉਹ ਜਿੱਨਿੰਗ ਅਤੇ ਦਬਾਅ ਕਾਰਖਾਨਾ ਜਿਸ ਵਿੱਚ ਆਧੁਨਿਕ ਜਿਨਿੰਗ ਅਤੇ ਰਵਾਇਤੀ (ਗੈਰ–ਆਧੁਨਿਕ) ਕਪਾਹ ਵੇਲਣ (ਜਿਨਿੰਗ) ਦੀ ਸਹੂਲਤ, ਉਸੇ ਹੀ ਇਮਾਰਤ ਵਿੱਚ ਉਪਲੱਬਧ ਹੋਵੇ ।

## 3.0 ਪ੍ਰਬੰਧਕੀ ਪ੍ਰਬੰਧ

### 3.1 ਨਿਰਧਾਰਨ ਅਤੇ ਦਰਜਾਬੰਦੀ ਸੈੱਲ (ਏ.ਆਰ.ਸੀ)

ਵਸਤਰ ਸਮਿਤੀ ਨੇ ਇੱਕ ਵੱਖਰੇ ਸੈੱਲ ਦਾ ਗਠਨ ਕੀਤਾ ਹ ਜੋ ਨਿਰਧਾਰਨ ਨਾਲ ਸੰਬੰਧਿਤ ਦਰਖਾਸਤਾਂ ਅਤੇ ਦਸਤਾਵੇਜਾਂ ਦੀ ਪ੍ਰਕਿਰਿਆ ਵਿੱਚ ਸ਼ਾਮਿਲ ਹੋਣਗੇ । ਨਿਰਧਾਰਨ ਅਤੇ ਦਰਜਾਬੰਦੀ ਸੱਲ ਦਾ ਮੁੱਖ ਕੰਮ ਵਧੇਰੇ ਉਤਸ਼ਾਹਿਤ ਜਿਨਿੰਗ ਅਤੇ ਦਬਾਅ ਕਾਰਖਾਨੇ ਤੋਂ ਪ੍ਰਾਰਥਨਾ ਪੱਤਰ ਪ੍ਰਾਪਤ ਕਰਨਾ, 2 ਮੈਂਬਰੀ ਟੀਮ ਨੂੰ ਕਾਰਖਾਨਿਆਂ ਦੇ ਨਿਰਧਾਰਨ ਲਈ ਦੌਰੇ ’ਤੇ ਭੇਜਣਾ ਅਤੇ ਨਿਰਧਾਰਨ ਟੀਮਾਂ ਦੀਆਂ ਰਿਪੋਰਟਾਂ ਨੂੰ ਕੰਪਾਇਲ (ਤਰਤੀਬ) ਕਰਕੇ ਵਿਚਾਰ/ਪ੍ਰਵਾਨਗੀ ਲਈ ਤਕਨੀਕੀ ਦਰਜਾਬੰਦੀ ਪੁਰਸਕਾਰ ਸਮਿਤੀ ਦੇ ਅੱਗੇ ਰੱਖਣਾ ਹੈ।

### 3.2 ਤਕਨੀਕੀ ਦਰਜਾਬੰਦੀ ਪੁਰਸਕਾਰ ਸਮਿਤੀ (ਟੀ.ਆਰ.ਏ.ਸੀ.)

ਇਸ ਸਮਿਤੀ ਨੂੰ ਜਿੱਨਿੰਗ ਅਤੇ ਦਬਾਅ ਕਾਰਖਾਨੇ ਨੂੰ ਰਸਮੀ ਤੌਰ ਤੇ ਨਿਰਧਾਰਿਤ ਦਰਜਾਬੰਦੀ ਦੇਣ ਤੋਂ ਇਲਾਵਾ ਜਦੋਂ ਅਤ ਜਿਸ ਤਰ੍ਹਾਂ ਇਸ ਦੀ ਲੋੜ ਹੈ, ਸਕੀਮ ਵਿੱਚ ਸੁਝਾਅ/ਉਚਿਤ ਸੋਧ ਦੀ ਸਿਫਾਰਸ਼ ਦਾ ਕੰਮ ਦਿੱਤਾ ਗਿਆ ਹੈ। ਨਿਰਧਾਰਨ ਅਤੇ ਦਰਜਾਬੰਦੀ ਸੈੱਲ ਵੱਲੋਂ ਅੱਗੇ ਰੱਖੇ ਦਸਤਾਵੇਜ਼ਾਂ ਜਿਵੇਂ ਕਿ ਦੌਰਾ ਟੀਮ ਵੱਲੋਂ ਦਿੱਤੀ ਰਿਪੋਰਟ ਅਤੇ ਨਿਰਧਾਰਨ ਅਤੇ ਦਰਜਾਬੰਦੀ ਸੈੱਲ ਵੱਲੋਂ ਸੰਪਾਦਿਤ ਰਿਪੋਰਟ ਦੀ ਟੀ.ਆਰ.ਏ.ਸੀ. ਦੁਆਰਾ ਉਚਿਤ ਦਰਜਾਬੰਦੀ ’ਤੇ ਪੁਹਚਣ ਲਈ ਘੋਖ ਕੀਤੀ ਜਾਵੇਗੀ। ਤਕਨੀਕੀ ਦਰਜਾਬੰਦੀ ਪੁਰਸਕਾਰ ਸਮਿਤੀ ਦੀ ਅਗਵਾਈ ਸਕੱਤਰ, ਵਸਤਰ ਸਮਿਤੀ, ਮੁੰਬਈ ਕਰਨਗ ਅਤੇ ਹੇਠ ਲਿਖੇ ਮੈਂਬਰ ਸ਼ਾਮਿਲ ਹੋਣਗੇ।

1) ਸੰਯੁਕਤ ਟੈਕਸਟਾਇਲ ਕਮਿਸ਼ਨਰ ਜਾਂ ਉਸ ਦਾ ਪ੍ਰਤੀਨਿਧ ਜੋ ਡਿਪਟੀ ਡਾਇਰੈਕਟਰ ਦੇ ਦਰਜੇ ਤੋਂ ਹੇਠ ਨਾ ਹੋਵੇ।
2) ਕਪਾਹ ਨਿਗਮ ਇੰਡੀਆ (ਸੀ.ਸੀ.ਆਈ) ਤੋਂ ਪ੍ਰਤੀਨਿਧ।
3) ਡਾਇਰੈਕਟਰ (ਈ.ਪੀ. ਅਤੇ ਕਯੂ.ਏ) ਜਾਂ ਵਸਤਰ ਸਮਿਤੀ ਦਾ ਪ੍ਰਤੀਨਿਧ ਜੋ ਡਿਪਟੀ ਡਾਇਰੈਕਟਰ ਦੇ ਦਰਜ ਤੋਂ ਹੇਠਾਂ ਨਾ ਹੋਵੇ।

4) ਅਧਿਕਾਰੀ ਜੋ ਜਿੱਨਿੰਗ ਅਤੇ ਦਬਾਅ ਕਾਰਖਾਨੇ ਦਾ ਦੌਰਾ ਕਰ ਕੇ ਆਇਆ ਹੋਵੇ ਨਿਮੰਤ੍ਰਿਤ ਵਿਅਕਤੀ ਦੇ ਰੂਪ ਵਿੱਚ, ਜੇ ਜਰੂਰੀ ਹੋਵੇ।

ਤਕਨੀਕੀ ਦਰਜਾਬੰਦੀ ਪੁਰਸਕਾਰ ਸਮਿਤੀ ਕੋਲ ਆਪਣੀ ਪਸੰਦ ਦੇ ਹੋਰ ਵਿਅਕਤੀਆਂ ਨੂੰ ਮੀਟਿੰਗ ਵਿੱਚ ਹਾਜ਼ਰ ਹੋਣ ਦਾ ਨਿਓਤਾ ਦੇਣ ਦਾ ਅਧਿਕਾਰ ਹੈ। ਤਕਨੀਕੀ ਦਰਜਾਬੰਦੀ ਪੁਰਸਕਾਰ ਸਮਿਤੀ ਜਦੋਂ ਨਿਰਧਾਰਨ ਦਰਜਾਬੰਦੀ ਦੇ ਕੰਮ ਕਰਨ ਦੀ ਲੋੜ ਹੋਵ, ਆਪਣੀ ਮੀਟਿੰਗ ਕਰ ਸਕਦੀ ਹੈ।

**3.3 ਮਾਹਿਰਾਂ ਦਾ ਪੈਨਲ**

ਵਸਤਰ ਸਮਿਤੀ ਨੇ ਸੰਬੰਧਿਤ ਯੋਗਤਾਵਾਂ, ਗਿਆਨ, ਤਜ਼ਰਬਾ, ਸਿਖਲਾਈ ਆਦਿ ਤੇ ਅਧਾਰਿਤ ਮਾਹਿਰਾਂ ਦਾ ਇੱਕ ਪੈਨਲ ਬਣਾਇਆ ਹੈ। ਮਾਹਿਰਾਂ ਦੇ ਪੈਨਲ ਦੇ ਮੈਂਬਰ ਮੌਕੇ ਤੇ ਨਿਰਧਾਰਨ ਵਾਸਤੇ ਜਿਨਿੰਗ ਅਤ ਦਬਾਅ ਕਾਰਖਾਨਿਆਂ ਦਾ ਦੌਰਾ ਕਰਨਗੇ।

**4.0 ਨਿਰਧਾਰਨ ਲਈ ਯੋਗਤਾ**

4.1 ਕੋਈ ਵੀ ਜਿੱਨਿੰਗ ਅਤੇ ਦਬਾਅ ਕਾਰਖਾਨਾ ਟੀ.ਐਮ.ਸੀ. ਜਾਂ ਟੀ.ਯੂ.ਐਫ.ਐਸ. ਜਾਂ ਕਾਰਖਾਨੇ ਦੀ ਆਪਣੀ ਪੂੰਜੀ ਨਾਲ ਆਧੁਨਿਕ ਕੀਤਾ ਹੋਵੇ ਅਤੇ **ਅਨੁਬੰਧ-1** ਵਿੱਚ ਸੂਚੀ ਬੱਧ ਕੀਤੇ ਘੱਟੋ-ਘੱਟ ਯੋਗਤਾ ਮਾਪਦੰਡ ਨੂੰ ਪੂਰਾ ਕਰਦਾ ਹੋਵੇ, ਵਸਤਰ ਸਮਿਤੀ ਦੁਆਰਾ ਨਿਰਧਾਰਨ ਯੋਗ ਹੈ।

4.2 ਇੱਕੋ ਜਗ੍ਹਾ ਤੇ ਦੋਗਲੀ ਸਹੂਲਤ ਵਾਲ਼ੇ ਜਿੱਨਿੰਗ ਅਤੇ ਦਬਾਅ ਕਾਰਖਾਨੇ (ਰਵਾਇਤੀ ਅਤੇ ਆਧੁਨਿਕ ਦੋਵੇਂ ਸਹੂਲਤਾਂ ਵਾਲ਼ੇ) ਨਿਰਧਾਰਨ ਲਈ ਯੋਗ ਨਹੀਂ ਹਨ।

**5.0 ਰਜ਼ਿਸਟ੍ਰਸ਼ਨ ਕਮ ਨਿਰਧਾਰਨ ਲਈ ਪ੍ਰਾਰਥਨਾ ਪੱਤਰ**

ਜਿੱਨਿੰਗ ਅਤੇ ਦਬਾਅ ਕਾਰਖਾਨੇ ਜੋ ਨਿਰਧਾਰਨ ਅਤੇ ਦਰਜ਼ਾਬੰਦੀ ਲਈ ਦਿਲਚਸਪੀ ਰੱਖਦੇ ਹਨ ਅਤੇ ਯੋਗਤਾ ਦੀ ਲੋੜ (**ਅਨੁਬੰਧ**-1) ਨੂੰ ਪੂਰਾ ਕਰਦੇ ਹਨ, ਨੂੰ ਆਪਣਾ ਪ੍ਰਾਰਥਨਾ ਪੱਤਰ ਨਿਰਧਾਰਿਤ ਪ੍ਰਫਾਰਮੇ (**ਅਨੁਬੰਧ**-2) ਅਨਸਾਰ ਵਸਤਰ ਸਮਿਤੀ ਨੂੰ 5000 ਰੁਪਏ ਰਜ਼ਿਸਟ੍ਰਸ਼ਨ ਫੀਸ ਅਤੇ ਲਾਗੂ ਦਰਜਾਬੰਦੀ ਫੀਸ ਨਾਲ ਪੇਸ਼ ਕੀਤਾ ਜਾਵੇ। ਜਿਨਿਗ ਅਤੇ ਦਬਾਅ ਕਾਰਖਾਨੇ ਦੁਆਰਾ ਪ੍ਰਾਰਥਨਾ ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਤੋਂ ਇਲਾਵਾ ਨਿਰਧਾਰਨ ਅਤੇ ਦਰਜਾਬੰਦੀ ਸੈੱਲ, ਪ੍ਰਾਰਥਨਾ ਪੱਤਰ ਦੀ ਛਾਣਬੀਣ ਕਰੇਗਾ ਕਿ ਉਹ

ਘੱਟ-ਘੱਟ ਜਰੂਰੀ ਯੋਗਤਾਵਾਂ ਪੂਰੀਆਂ ਕਰਦਾ ਹੋਵੇ। ਜੇਕਰ ਕਾਰਖਾਨਾ ਪਹਿਲੀ ਨਜ਼ਰੇ ਨਿਰਧਾਰਨ ਲਈ ਯੋਗ ਪਾਇਆ ਜਾਂਦਾ ਹੈ ਤਾਂ ਪ੍ਰਾਰਥਨਾ ਪੱਤਰ ਨਿਰਧਾਰਨ ਲਈ ਰਜਿਸਟਰ ਕਰ ਲਿਆ ਜਾਵੇਗਾ ।

## 6.0 ਦਰਜ਼ਾਬੰਦੀ ਫੀਸ

ਤਿੰਨ ਸਾਲਾਂ ਲਈ ਦਰਜਾਬੰਦੀ ਦੀ ਫੀਸ 35,000 ਰੁਪਏ  ਅਤੇ ਲਾਗੂ ਟੈਕਸ ਵੱਖਰੇ ਹਨ। ਤਿੰਨ ਸਾਲਾਂ ਦੀ ਦਰਜਾਬੰਦੀ ਫੀਸ ਵਿੱਚ ਇੱਕ ਮੱਧ-ਵਰਤੀ ਨਿਗਰਾਨ  ਦੌਰੇ ਦਾ ਖਰਚਾ ਵੀ ਸ਼ਾਮਿਲ ਹੈ ।

## 7.0 ਨਿਰਧਾਰਨ ਵਿਧੀ

### 7.1 ਨਿਰਧਾਰਨ ਟੀਮ ਦਾ ਜਿਨਿੰਗ ਅਤੇ ਦਬਾਅ ਕਾਰਖਾਨੇ ਦਾ ਦੌਰਾ

ਨਿਰਧਾਰਨ ਅਤੇ ਦਰਜਾਬੰਦੀ ਸੈੱਲ ਮਾਹਿਰਾਂ ਦੇ ਪੈਨਲ ਵਿੱਚੋਂ ਦੋ ਮੈਂਬਰੀ ਅਫਸਰਾਂ ਦੀ ਟੀਮ ਜਿੱਨਿੰਗ ਅਤੇ ਦਬਾਅ ਕਾਰਖਾਨੇ, ਜਿਸਦਾ ਕਿ ਨਿਰਧਾਰਨ ਕੀਤਾ ਜਾਣਾ ਹੈ, ਨਿਰਧਾਰਨ ਕਰਨ ਲਈ ਭੇਜਣ ਦਾ ਪ੍ਬੰਧ ਕਰੇਗਾ। ਟੀਮ ਇਹ ਨਿਸ਼ਚਿਤ ਕਰੇਗੀ ਕਿ ਨਿਰਧਾਰਨ ਦੇ ਸਮੇਂ ਦੌਰਾਨ ਯੂਨਿਟ ਚਾਲੂ ਹੈ ਅਤੇ ਨਿਰਧਾਰਨ ਲਈ ਨਿਸ਼ਚਿਤ ਕੀਤੇ ਮਾਪਦੰਡ ਵਰਤੋਂ ਵਿੱਚ ਜਾਂ ਅਮਲ ਵਿੱਚ ਲਿਆਂਦੇ ਜਾ ਰਹੇ ਹਨ । ਟੀਮ ਬੁਨਿਆਦੀ ਢਾਂਚੇ ਦੀ ਹਰ ਇੱਕ ਚੀਜ਼ ਦੀ ਜਾਂਚ ਕਰੇਗੀ ਜਿਸ ਵਿੱਚ ਕਿ ਸਿਵਿਲ ਅਤੇ ਮਸ਼ੀਨਰੀ ਸ਼ਾਮਿਲ ਹੈ, ਯੂਨਿਟ ਦੇ ਦੌਰੇ ਦੌਰਾਨ ਅਪਣਾਏ ਗਏ ਪ੍ਰਬੰਧਨ ਅਭਿਆਸਾਂ ਦਾ ਨਿਰੀਖਣ ਕਰੇਗੀ ਅਤੇ ਪ੍ਸੱਸ ਕੀਤੀ ਗਈ ਕਪਾਹ ਦੇ ਨਮੂਨੇ ਵਿੱਚ ਗੰਦਗੀ (ਕੰਨਟੈਮੀਟਨੇਸ਼ਨ) ਦਾ ਅੱਖੀਂ ਵੇਖ ਕੇ ਨਿਰੀਖਣ ਕਰੇਗੀ । ਬੁਨਿਆਦੀ ਅਤੇ ਪ੍ਰਬੰਧਨ ਮਾਪਦੰਡਾਂ ਦੇ ਨਿਰਧਾਰਨ ਲਈ ਵੇਰਵਾ ਨਿਰਧਾਰਨ ਫਾਰਮੈਟ (**ਅਨੁਬੰਧ**-3) ਵਿੱਚ ਦਿੱਤਾ ਗਿਆ ਹੈ। ਦੌਰਾ ਟੀਮ ਹਰ ਬੁਨਿਆਦੀ ਮਾਪਦੰਡ ਅਤੇ ਪ੍ਰਬੰਧਨ ਮਾਪਦੰਡ ਸਮੇਤ ਕੰਨਟੈਮੀਨੇਸ਼ਨ (ਗੰਦਗੀ) ਲਈ ਨੰਬਰ ਨਿਰਧਾਰਿਤ ਕਰੇਗੀ। ਬਨਿਆਦੀ ਮਾਪਦੰਡ ਅਤੇ ਪ੍ਰਬੰਧਨ ਮਾਪਦੰਡਾਂ ਲਈ ਨੰਬਰ ਦੇਣ ਦੀ ਸਕੀਮ **ਅਨੁਬੰਧ** 4 ਦੇ ਟੇਬਲ 1 ਅਤੇ 2 ਵਿੱਚ ਦਿੱਤੀ ਗਈ ਹੈ। ਟੀਮ ਨਿਰਧਾਰਨ ਰਿਪੋਰਟ (**ਅਨੁਬੰਧ**-3) ਤਿਆਰ ਕਰੇਗੀ ਅਤੇ ਉਸਨੂੰ ਨਿਰਧਾਰਨ ਅਤੇ ਦਰਜਾਬੰਦੀ ਸੈੱਲ ਨੂੰ ਜਮ੍ਹਾਂ  ਕਰਾਏਗੀ ।

### 7.2 ਮਿਲਾਵਟ ਲਈ ਦਰਸ਼ਣੀ ਪ੍ਰੀਖਿਆ

ਨਿਰਧਾਰਨ ਟੀਮ ਮਿਲਾਵਟ ਦੇ ਨਿਰਧਾਰਨ ਵਾਸਤੇ ਕਿਸੇ ਵੀ ਇੱਕ ਗੰਢ ਨੂੰ ਜਾਂਚਣ ਲਈ ਖੋਲ੍ਹੇਗੀ। ਚੁਣੀ ਹੋਈ ਗੰਢ ਨਿਰਧਾਰਨ ਦੇ ਦਿਨ ਕਪਾਹ ਪੜਾਅ ਤੋਂ ਗੰਢ ਪੜਾਅ ਤੱਕ ਤਿਆਰ ਕੀਤੀ ਹੋਵੇ । ਲਗਭਗ 25 ਕਿਲੋ ਜਿੰਨ ਕੀਤੀ ਰੂਈਂ ਪਲੇਟਫਾਰਮ ਉੱਤੇ ਖੋਲ ਕੇ ਟੀਮ ਦੀ ਹਾਜ਼ਰੀ ਵਿੱਚ ਵਿਛਾਈ ਜਾਵੇ ਤਾਂ ਜੋ ਉਹ ਮਿਲਾਵਟ ਨੂੰ ਪੂਰਨ ਤੌਰ ਤੇ ਦੇਖ ਸਕਣ। ਨਿਰਧਾਰਨ ਟੀਮ ਬਾਰੀਕੀ ਨਾਲ ਕਪਾਹ ਵਿੱਚ ਮਿਲਾਵਟ ਦਾ ਮੁਆਇਨਾ, ਵਿਸ਼ਲੇਸ਼ਣ ਕਰੇਗੀ ਅਤੇ ਮਾਰਕਿੰਗ ਸਕੀਮ (**ਅਨੁਬੰਧ**–4) ਅਨੁਸਾਰ ਨੰਬਰ ਦੇਵੇਗੀ ।

### 7.3 ਫੋਟੋਗ੍ਰਾਫ

ਨਿਰਧਾਰਨ ਟੀਮ, ਜੇ ਜਰੂਰੀ ਹੋਵੇ ਬੁਨਿਆਦੀ ਭਾਗਾਂ ਦੀ ਫੋਟੋ ਲੈ ਸਕਦੀ ਹੈ, ਇਹ ਲਿਖੀਆਂ ਹੋਈਆਂ ਰਿਪੋਰਟਾਂ ਦੀ ਪੂਰਕ ਹੋਵੇਗੀ ਅਤੇ ਉਹਨਾਂ ਨੂੰ ਮਜ਼ਬੂਤ ਕਰੇਗੀ। ਟੀਮ ਪ੍ਰਬੰਧਨ ਮਾਪਦੰਡਾਂ ਦੇ ਹਿਸਿਆ ਦੇ ਹੋਰ ਵੀ ਫੋਟੋ ਲੈ ਸਕਦੀ ਹੈ, ਜੇ ਉਹ ਜਰੂਰੀ ਹੋਣ। ਫੋਟੋਗ੍ਰਾਫ ਨਿਰਧਾਰਨ ਅਤੇ ਦਰਜਾਬੰਦੀ ਸੈੱਲ ਕੋਲ ਰਿਪੋਰਟ ਦੇ ਨਾਲ ਜਮਾਂ ਕਰਵਾਏ ਜਾਣਗੇ।

## 8.0 ਸੰਪਾਦਨ

ਨਿਰਧਾਰਨ ਅਤੇ ਦਰਜਾਬੰਦੀ ਸੈੱਲ ਟੀਮ ਵੱਲੋਂ ਦਿੱਤੀ ਹੋਈ ਨਿਰਧਾਰਨ ਰਿਪੋਰਟ ਦੀ ਛਾਣਬੀਣ ਕਰੇਗਾ। ਨਿਰਧਾਰਨ ਅਤੇ ਦਰਜਾਬੰਦੀ ਸੈੱਲ ਬੁਨਿਆਦੀ ਮਾਪਦੰਡਾਂ ਲਈ ਪ੍ਰਾਪਤ ਨੰਬਰਾਂ ਦਾ ਪ੍ਰਤੀਸ਼ਤ, ਪ੍ਰਬੰਧਨ ਮਾਪਦੰਡਾਂ ਲਈ ਪ੍ਰਾਪਤ ਨੰਬਰਾਂ ਦਾ ਪ੍ਰਤੀਸ਼ਤ, ਘੱਟੋ–ਘੱਟ ਯੋਗਤਾ ਮਾਪਦੰਡਾਂ ਲਈ ਕਸੌਟੀ ਦੀ ਪੂਰਤੀ ਅਤੇ ਜਰੂਰੀ ਮਾਪਦੰਡਾਂ ਲਈ ਕਸੌਟੀ ਦੀ ਪੂਰਤੀ ਵਾਸਤੇ ਸੰਪਾਦਿਤ ਕਰੇਗਾ । ਜੇ ਕਾਰਖਾਨੇ ਨੇ ਦੋਹਾਂ ਹੀ ਬੁਨਿਆਦੀ ਮਾਪਦੰਡਾਂ ਅਤੇ ਪ੍ਰਬੰਧਨ ਮਾਪਦੰਡਾਂ ਵਿੱਚ 80 ਪ੍ਰਤੀਸ਼ਤ ਜਾਂ ਇਸ ਤੋਂ ਵੱਧ ਨੰਬਰ ਪ੍ਰਾਪਤ ਕੀਤੇ ਹੋਣ ਤਾਂ ਫਿਰ ਨਿਰਧਾਰਨ ਅਤੇ ਦਰਜਾਬੰਦੀ ਸੈੱਲ ਚਾਰ ਜਾਂ ਪੰਜ ਤਾਰਾ ਦਰਜਾਬੰਦੀ ਲਈ ਨਿਰਧਾਰਿਤ ਵਾਧੂ ਲੋੜਾਂ ਦੀ ਪੂਰਤੀ ਦੇ ਅਨੁਕੂਲਤਾ ਦਰਜਾ ਵਾਸਤੇ ਵੀ ਸੰਪਾਦਿਤ ਕਰੇਗਾ। ਨਿਰਧਾਰਨ ਅਤੇ ਦਰਜਾਬੰਦੀ ਸੈੱਲ ਆਪਣੀ ਸਿਫਾਰਿਸ਼ ਸਹਿਤ ਸਪਾਦਿਤ ਰਿਪੋਰਟ (**ਅਨਬੰਧ**–5) ਨਿਰਧਾਰਨ ਰਿਪੋਰਟ ਦੇ ਨਾਲ ਤਕਨੀਕੀ ਦਰਜਾਬੰਦੀ ਪੁਰਸਕਾਰ ਸਮਿਤੀ ਅੱਗੇ ਰੱਖੇਗਾ।

## 9. 0 ਦਰਜਾਬੰਦੀ ਦਾ ਨਿਰਧਾਰਨ

9.1 ਤਕਨੀਕੀ ਦਰਜਾਬੰਦੀ ਪੁਰਸਕਾਰ ਸਮਿਤੀ, ਦੌਰਾ ਟੀਮ ਦੀ ਨਿਰਧਾਰਨ ਰਿਪੋਰਟ, ਸੰਪਾਦਿਤ ਰਿਪੋਰਟ ਅਤੇ ਨਿਰਧਾਰਨ ਅਤੇ ਦਰਜਾਬੰਦੀ ਸੈੱਲ ਦੀ ਸਿਫਾਰਿਸ਼ ਦੀ ਸਮੀਖਿਆ

(ਗੀਵਿਓ) ਕਰੇਗੀ ਜਾਂ **ਅਨੁਬੰਧ**–1 ਵਿੱਚ ਦਿੱਤੇ ਗਏ ਹੋਰ ਯੋਗ ਮਾਪਦੰਡਾਂ ਅਨੁਸਾਰ ਦਰਜਾ ਦੇਵੇਗੀ।

9.2 ਨਿਰਧਾਰਨ ਅਤੇ ਦਰਜਾਬੰਦੀ ਸੈੱਲ ਤਕਨੀਕੀ ਦਰਜਾਬੰਦੀ ਪੁਰਸਕਾਰ ਸਮਿਤੀ ਦੁਆਰਾ ਦਿੱਤਾ ਗਿਆ ਦਰਜਾ ਸਮੇਤ ਨਿਰਧਾਰਨ ਸਥਿਤੀ ਰਿਪੋਰਟ (**ਏ ਐਸ ਆਰ**) ਬਾਰੇ ਵੀ ਸੰਬੰਧਿਤ ਜਿੱਨਿੰਗ ਅਤੇ ਦਬਾਅ ਕਾਰਖਾਨੇ ਨੂੰ ਸੂਚਿਤ ਕਰੇਗਾ।

9.3.1 ਜੇਕਰ ਨਿਰਧਾਰਿਤ ਜਿੱਨਿੰਗ ਅਤੇ ਦਬਾਅ ਕਾਰਖਾਨਾ **ਅਨੁਬੰਧ**–1 ਵਿੱਚ ਦਿੱਤੇ ਯੋਗਤਾ ਕਸੌਟੀ ਲਈ ਕਿਸੇ ਵੀ ਦਰਜੇ ਲਈ ਯੋਗਤਾ ਪੂਰੀ ਨਹੀਂ ਕਰਦਾ ਤਾਂ ਕਾਰਖਾਨੇ ਨੂੰ "ਨਿਰਧਾਰਨ ਸਟੇਟਸ ਰਿਪੋਰਟ"(ਏ.ਐਸ.ਆਰ) ਸਮੇਤ ਆਰਜ਼ੀ ਦਰਜਾਬੰਦੀ ਦਿੱਤੀ ਜਾਵੇਗੀ।

ਕਾਰਖਾਨਾ ਜਰੂਰੀ ਸੁਧਾਰਾਂ ਨੂੰ ਕਰਨ ਤੰ ਬਾਅਦ ਨਿਰਧਾਰਿਤ ਫੀਸ ਦੇ ਕੇ ਮੁੜ–ਨਿਰਧਾਰਨ ਕਰਵਾ ਸਕਦਾ ਹੈ।

9.3.2 ਫਿਰ ਵੀ, ਇੱਕ ਕਾਰਖਾਨਾ ਜਿਹੜਾ ਕਿ ਤਾਰਾ ਦਰਜਾਬੰਦੀ ਲਈ ਯੋਗ ਹੈ ਪਰ ਕਿਸੇ ਇੱਕ ਮਾਪਦੰਡ ਵਿੱਚ ਘੱਟੋ–ਘੱਟ ਯੋਗਤਾ ਕਸੌਟੀ ਅਧੀਨ ਲੋੜ ਪੂਰੀ ਨਹੀਂ ਕਰਦਾ, ਨੂੰ ਇੱਕ ਤਾਰਾ ਦਰਜਾਬੰਦੀ ਸੀਮਿਤ ਮਿਆਦ ਲਈ, ਜੋ ਕਿ ਸਮੇਂ–ਸਮੇਂ ਤੇ ਨਿਰਧਾਰਿਤ ਕੀਤਾ ਜਾਵੇਗਾ, ਲਈ ਦਿੱਤਾ ਜਾਵੇਗਾ, ਜਿਸ ਸਮੇਂ ਦੌਰਾਨ ਕਾਰਖਾਨੇ ਨੂੰ ਉਸ ਪਾਸ ਮਾਪਦੰਡ ਲਈ ਲੋੜ ਅਨੁਸਾਰ ਜਰੂਰੀ ਸੁਧਾਰ ਕਰਨੇ ਹੋਣਗੇ।

9.3.3 ਲੋੜ ਨੂੰ ਪੂਰਾ ਕਰਨ ਤੇ ਉਸ ਖਾਸ ਮਾਪਦੰਡ ਲਈ ਲੋੜੀਂਦੇ ਨੰਬਰ ਦਿੱਤੇ ਜਾਣਗੇ ਅਤੇ ਕਾਰਖਾਨੇ ਨੂੰ ਲਾਗੂ ਤਾਰਾ ਦਰਜਾਬੰਦੀ ਦਿੱਤੀ ਜਾਵੇਗੀ ।

9.3.4 ਦੂਜੇ ਪਾਸੇ ਜੇਕਰ ਕਾਰਖਾਨਾ ਦਿੱਤੇ ਗਏ ਸਮੇਂ ਵਿੱਚ ਸੁਧਾਰ ਨਹੀਂ ਕਰਦਾ ਤਾਂ ਕਾਰਖਾਨੇ ਨੂੰ ਦਿੱਤੀ ਹੋਈ ਇੱਕ ਤਾਰਾ ਦਰਜਾਬੰਦੀ ਵਾਪਿਸ ਲੈ ਲਈ ਜਾਵੇਗੀ।

9.4 ਜੇਕਰ ਕੋਈ ਐਲ.ਟੀ/ਐਚ.ਟੀ ਬਿਜਲੀ ਦੀ ਤਾਰ ਕਾਰਖਾਨੇ ਦੀ ਇਮਾਰਤ ਉੱਪਰੋਂ ਲੰਘਦੀ ਹੈ, ਤਾਂ ਕਾਰਖਾਨੇ ਨੂੰ ਐਲ.ਟੀ/ਐਚ.ਟੀ. ਦੇ ਸੰਬੰਧ ਵਿੱਚ "ਸਲਾਹਕਾਰੀ ਸੂਚਨਾ" ਦੇ ਨਾਲ ਯੋਗ ਤਾਰਾ ਦਿੱਤਾ ਜਾਵੇਗਾ, ਬਸ਼ਰਤੇ ਕਿ ਕਾਰਖਾਨਾ ਤਾਰਾ ਦਰਜਾਬੰਦੀ ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੈ।

**10.0 ਦਰਜਾਬੰਦੀ ਦਾ ਸਰਟੀਫਿਕੇਟ/ਆਰਜ਼ੀ ਦਰਜਾਬੰਦੀ ਸਥਿਤੀ ਦਾ ਪੱਤਰ**

ਦਰਜਾਬੰਦੀ ਦਾ ਸਰਟੀਫਿਕੇਟ  ਜਾਂ ਆਰਜ਼ੀ ਦਰਜਾਬੰਦੀ ਸਥਿਤੀ ਦਾ ਪੱਤਰ ਜਿੱਨਿੰਗ ਅਤੇ ਦਬਾਅ ਕਾਰਖਾਨੇ ਨੂੰ ਜਿਵੇਂ ਵੀ ਯੋਗ ਹੋਵੇ, ਜਾਰੀ ਕੀਤਾ ਜਾਵੇਗਾ ਜਿਸ ਵਿੱਚ ਦਿੱਤੀ ਗਈ ਦਰਜਾਬੰਦੀ ਜਾਂ ਆਰਜ਼ੀ ਦਰਜਾਬੰਦੀ ਸਥਿਤੀ, ਜਾਰੀ ਕਰਨ ਦੀ ਮਿਤੀ ਅਤੇ ਮਿਆਦ ਦਾ ਸਮਾਂ ਸ਼ਾਮਿਲ ਹੋਵੇਗਾ । ਇਸ ਤਰ੍ਹਾਂ ਦਿੱਤੀ ਗਈ ਦਰਜਾਬੰਦੀ ਜਾਂ ਆਰਜ਼ੀ ਦਰਜਾਬੰਦੀ ਸਥਿਤੀ ਨੰ, ਸਾਰੀਆਂ ਸੰਬੰਧਿਤ ਧਿਰਾਂ ਜਿਵੇਂ ਕਿ ਸਪਿਨਿੰਗ ਮਿੱਲਾਂ, ਕਪਾਹ ਵਪਾਰੀ, ਲਾਈਨ ਨਾਲ ਸੰਬੰਧਿਤ ਵਪਾਰੀ ਅਤੇ ਜਿਨਿੰਗ ਕਾਰਖਾਨੇ ਆਦਿ ਦੀ ਜਾਣਕਾਰੀ ਲਈ ਵਸਤਰ ਸਮਿਤੀ ਦੀ ਵੈੱਬ ਸਾਈਟ ਤੇ ਪਾਇਆ ਜਾਵੇਗਾ ।

## 11.0 ਦਰਜਾਬੰਦੀ ਦੀ ਵਰਤੋਂ

ਜਿੱਨਿੰਗ ਅਤੇ ਦਬਾਅ ਕਾਰਖਾਨੇ ਨੂੰ ਦਿੱਤੀ ਤਾਰਾ ਦਰਜਾਬੰਦੀ ਦਾ ਮਕਸਦ ਵੇਲੀ ਗਈ ਰੂੰਈਂ (ਬੀਜ਼ ਤੋਂ ਬਗੈਰ ਰਈਂ) ਦੀ ਗੁਣਵੱਤਾ ਪੈਦਾ ਕਰਨ ਦੀ ਯੋਗਤਾ ਵਾਸਤੇ ਇੱਕ ਬਜਾਰੀ ਸੰਦ ਦੇ ਤੌਰ ਤੇ ਪਛਾਣ ਬਨਾਉਣਾ ਹੈ ਨਾ ਕਿ ਗੰਢ ਦੇ ਉਤਪਾਦ ਦੇ ਪ੍ਰਮਾਣ ਪੱਤਰ ਦੇ ਤੌਰ ਤੇ ।

## 12.0 ਦਰਜਾਬੰਦੀ ਦੀ ਵੈਧਤਾ ਅਤੇ ਨਿਗਰਾਨੀ ਦੌਰਾ

12.1.1 ਇੱਕ ਵਾਰ ਦਿੱਤੀ ਗਈ ਤਾਰਾ ਦਰਜਾਬੰਦੀ  3 ਸਾਲ ਦੇ ਸਮੇਂ ਵਾਸਤੇ ਵੈਧ ਹੁੰਦੀ ਹੈ। ਵਸਤਰ ਸਮਿਤੀ ਪ੍ਰਮਾਣਿਤ ਜਿਨਿੰਗ ਅਤੇ ਦਬਾਅ ਕਾਰਖਾਨੇ ਲਈ ਤਿੰਨ ਸਾਲ ਦੇ ਮਿਆਦੀ ਸਮੇਂ ਵਿੱਚ ਇੱਕ ਮੱਧ-ਵਰਤੀ ਦੌਰੇ ਦਾ ਪ੍ਰਬੰਧ, ਇਹ ਯਕੀਨੀ ਬਨਾਉਣ ਲਈ ਕਰੇਗੀ ਕਿ ਸਹੂਲਤਾਂ ਜਿਵੇਂ ਮਸ਼ੀਨਰੀ, ਸਿਵਿਲ ਬੁਨਿਆਦੀ ਨਿਰਮਾਣ ਢਾਂਚਾ ਵਗੈਰਾ ਲਗਾਤਾਰ ਆਪਣੀ ਜਗ੍ਹਾ ’ਤੇ ਹਨ। ਫਿਰ ਵੀ, ਜੇ ਜਰੂਰਤ ਹੋਵੇ ਤਾਂ  ਵਧੀਕ ਦੌਰਿਆਂ ਦਾ ਪ੍ਰਬੰਧ  ਵੀ ਕੀਤਾ ਜਾ ਸਕਦਾ ਹੈ।

12.1.2 ਨਿਰਧਾਰਨ ਅਤੇ ਦਰਜਾਬੰਦੀ ਸੈੱਲ (ਏ.ਆਰ.ਸੀ) ਮਾਹਿਰਾਂ ਦੇ ਪੈਨਲ ਵਿੱਚੋਂ ਮੱਧ-ਵਰਤੀ ਦੌਰੇ ਲਈ ਅਧਿਕਾਰੀ ਨਿਯੁਕਤ ਕਰਨਗੇ।

12.1.3 ਅਧਿਕਾਰੀ ਛਾਣਬੀਣ ਕਰਨਗੇ ਕਿ ਸਹੂਲਤਾਂ ਜਿਵੇਂ ਮਸ਼ੀਨਰੀ, ਸਿਵਿਲ ਬੁਨਿਆਦੇ ਢਾਂਚਾ ਵਗੈਰਾ ਲਗਾਤਾਰ ਆਪਣੀ ਜਗ੍ਹਾ ’ਤੇ ਹਨ ਅਤੇ ਨਿਗਰਾਨੀ ਦੌਰੇ ਦੀ ਰਿਪੋਰਟ ਨਿਰਧਾਰਿਤ ਪ੍ਰਫਾਰਮੇ (**ਅਨੁਬੰਧ-4**) ’ਚ ਜਮਾਂ ਕਰਾਉਣਗੇ।

12.2.1 ਆਰਜ਼ੀ ਦਰਜਾਬੰਦੀ ਸਥਿਤੀ ਕਾਰਖਾਨੇ ਨੂੰ ਇੱਕ ਸਾਲ ਲਈ ਦਿੱਤੀ ਜਾਵੇਗੀ। ਕਾਰਖਾਨਿਆਂ ਤੋਂ ਮੁਲਾਂਕਣ ਸਥਿਤੀ ਰਿਪੋਰਟ ਵਿੱਚ ਦਰਸਾਏ ਗਏ ਮਾਪਦੰਡਾਂ ਅਨੁਸਾਰ ਸੁਧਾਰ ਕਰਨ ਦੀ ਅਤੇ ਇੱਕ ਸਾਲ ਵਿੱਚ ਦੁਬਾਰਾ ਦਰਜਾਬੰਦੀ ਕਰਵਾਉਣ ਦੀ ਉਮੀਦ ਕੀਤੀ ਜਾਂਦੀ ਹੈ। ਫਿਰ ਵੀ ਆਰਜ਼ੀ ਦਰਜਾਬੰਦੀ ਸਥਿਤੀ, ਇਸ ਦੀ ਯੋਗਤਾ ਅਨੁਸਾਰ, ਕੇਸ- ਕੇਸ ਦੇ ਆਧਾਰ ’ਤੇ ਵਧਾਈ ਜਾ ਸਕਦੀ ਹੈ।

12.2.2 "ਆਰਜ਼ੀ ਦਰਜਾਬੰਦੀ ਸਥਿਤੀ" ਅਧੀਨ ਇੱਕ ਕਾਰਖਾਨੇ ਨੂੰ ਮੁੜ-ਮੁਲਾਂਕਣ ’ਤੇ ਦਿੱਤੀ ਗਈ ਤਾਰਾ ਦਰਜਾਬੰਦੀ, ਆਰਜ਼ੀ ਦਰਜਾਬੰਦੀ ਸਥਿਤੀ ਦਾ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਬਾਕੀ ਰਹਿੰਦੇ ਤਿੰਨ ਸਾਲ ਦੇ ਸਮੇਂ ਲਈ ਵੈਧ ਹੋਵੇਗੀ ।

12.3.1 ਕਾਰਖਾਨਿਆਂ ਨੂੰ ਸੀਮਿਤ ਸਮੇਂ ਲਈ ਦਿੱਤੀ ਇੱਕ ਤਾਰਾ ਦਰਜਾਬੰਦੀ ਜੋ ਕਿ ਤਾਰਾ ਦਰਜਾਬੰਦੀ ਲਈ ਯੋਗ ਸਨ ਪਰ ਘੱਟੋ-ਘੱਟ ਯੋਗਤਾ ਦਾਇਰੇ ਦੇ ਕਿਸੇ ਇੱਕ ਮਾਪਦੰਡ ਦੀ ਮੰਗ ਪੂਰੀ ਨਹੀਂ ਕਰਦੇ ਸਨ, ਦੀ ਵੈਧਤਾ ਦੀ ਮਿਆਦ ਦਾ ਫੈਸਲਾ ਸਮੇਂ-ਸਮੇਂ ਤੇ ਕੀਤਾ ਜਾਵੇਗਾ।

12.3.2 ਖਾਸ ਮਾਪਦੰਡ ਦੀ ਮੰਗ ਨ ਪੂਰਾ ਕਰਨ ਤੇ ਮਿਲਣ ਵਾਲੀ ਲਾਗੂ ਤਾਰਾ ਦਰਜਾਬੰਦੀ ਸ਼ੁਰੂਆਤੀ ਇੱਕ ਤਾਰਾ ਦਰਜਾਬੰਦੀ ਸਰਟੀਫਿਕੇਟ ਦੀ ਮਿਤੀ ਤੋਂ ਤਿੰਨ ਸਾਲਾਂ ਦੇ ਬਾਕੀ ਬਚੇ ਸਮੇਂ ਤੱਕ ਵੈਧ ਹੋਵੇਗੀ ।

## 13.0 ਦਿੱਤੀ ਗਈ ਦਰਜਾਬੰਦੀ ਦਾ ਦਰਜ਼ਾ ਘਟਾਉਣਾ

ਮੱਧ-ਵਰਤੀ ਨਿਗਰਾਨੀ ਦੌਰੇ ਦੇ ਦੌਰਾਨ ਜੇਕਰ ਕਿਸੇ ਕਾਰਖਾਨੇ ਦੀ ਬੁਨਿਆਦੀ ਢਾਂਚੇ ਅਤੇ ਪ੍ਰਬੰਧਨ ਅਭਿਆਸਾਂ ਦੀ ਗੁਣਵੱਤਾ ਵਿੱਚ ਗਿਰਾਵਟ ਪਾਈ ਜਾਵੇ ਤਾਂ ਸ਼ੁਰੂਆਤੀ ਨਿਰਧਾਰਨ ਦੇ ਮੁਕਾਬਲੇ ਕਾਰਖਾਨੇ ਦੀ ਨੀਵੀਂ ਦਰਜਾਬੰਦੀ ਕੀਤੀ ਜਾ ਸਕਦੀ ਹੈ। ਨਿਰਧਾਰਨ ਅਤੇ ਦਰਜਾਬੰਦੀ ਸੈੱਲ ਇਸ ਮਾਮਲੇ ਵਿੱਚ ਅਗਲੇਰੀ ਕਾਰਵਾਈ ਵਾਸਤੇ ਕਾਰਖਾਨੇ ਨੂੰ ਦਿੱਤੀ ਦਰਜਾਬੰਦੀ ਦੀ ਨੀਵੀਂ ਦਰਜਾਬੰਦੀ ਲਈ ਆਪਣੀ ਸਿਫਾਰਿਸ਼, ਤਕਨੀਕੀ ਦਰਜਾਬੰਦੀ ਪੁਰਸਕਾਰ ਸਮਿਤੀ ਸਾਹਮਣੇ ਰੱਖੇਗਾ। ਤਕਨੀਕੀ ਦਰਜਾਬੰਦੀ ਪੁਰਸਕਾਰ ਸਮਿਤੀ ਦਰਜਾ ਘਟਾਉਣ ਬਾਰੇ ਅਤੇ ਘੱਟ ਦਰਜਾ ਦੇਣ ਬਾਰੇ ਜਾਂ ਦਿੱਤਾ ਦਰਜਾ ਵਾਪਸ ਲੈਣ ਬਾਰੇ ਜੋ ਵੀ ਕੇਸ ਹੋਵੇ, ਬਾਰੇ ਉੱਚਿਤ ਫੈਸਲਾ ਲਵੇਗੀ। ਇਸ ਮਾਮਲੇ ਵਿੱਚ ਵਸਤਰ ਸਮਿਤੀ ਦਾ ਸਕੱਤਰ ਜਾਂ ਨਿਰਦੇਸ਼ਕ ਦੁਆਰਾ ਦਸਤਖਤ ਕੀਤਾ ਪੱਤਰ ਕਾਰਖਾਨੇ ਨੂੰ ਜਾਰੀ ਕੀਤਾ ਜਾਵੇਗਾ ਅਤੇ ਇਹ ਜਾਣਕਾਰੀ ਵਸਤਰ ਸਮਿਤੀ ਦੀ ਵੈੱਬਸਾਈਟ ਤੇ ਵੀ ਅੱਪਡੇਟ ਕੀਤੀ ਜਾਵੇਗੀ ।

**14.0 ਦਰਜਾਬੰਦੀ ਦਾ ਨਵੀਨੀਕਰਨ**

14.1 ਪ੍ਰਮਾਣਿਤ ਜਿੱਨਿੰਗ ਅਤੇ ਦਬਾਅ ਕਾਰਖਾਨੇ ਦਰਜਾਬੰਦੀ ਦੇ ਨਵੀਨੀਕਰਨ ਲਈ, ਅੰਤਿਮ ਮਿਤੀ ਤੋਂ ਪਹਿਲਾਂ ਅਰਜ਼ੀ ਦੇ ਸਕਦੇ ਹਨ ਪਰ ਤਾਰਾ ਦਰਜਾਬੰਦੀ ਦੇ ਪ੍ਰਮਾਣ ਪੱਤਰ ਦੇ ਖਤਮ ਹਣ ਤੋਂ ਇੱਕ ਸਾਲ ਦੇ ਬਾਅਦ ਨਹੀਂ। ਤਾਰਾ ਦਰਜਾਬੰਦੀ ਪ੍ਰਮਾਣ ਪੱਤਰ ਦੇ ਖਾਤਮੇ ਤੋਂ ਇੱਕ ਸਾਲ ਬਾਅਦ ਨਵੀਨੀਕਰਨ ਲਣ ਵਾਲੇ ਕਾਰਖਾਨੇ ਕੇਸ-ਕੇਸ ਦੇ ਅਧਾਰ ਤੇ ਵਿਚਾਰੇ ਜਾਣਗੇ।

14.2 ਦਰਜਾਬੰਦੀ ਦੀ ਨਵੀਨੀਕਰਨ ਲਈ ਫੀਸ, ਅਗਲੇ ਤਿੰਨ ਸਾਲਾਂ ਲਈ 25,000 ਰੁਪਏ ਪਲੱਸ ਲਾਗੂ ਟੈਕਸ (ਕਰ) ਹੈ। ਦਰਜਾਬੰਦੀ ਨਵੀਨੀਕਰਨ ਦੀ ਫੀਸ ਵਿੱਚ, ਤਿੰਨ ਸਾਲਾਂ ਦੇ ਵਕਫੇ ਵਿੱਚ, ਇੱਕ ਮੱਧ–ਵਰਤੀ ਨਿਗਰਾਨ ਦੌਰਾ ਵੀ ਸ਼ਾਮਿਲ ਹੈ।

14.3 ਨਿਰਧਾਰਨ ਅਤੇ ਦਰਜਾਬੰਦੀ ਸੱਲ (ਏ.ਆਰ.ਸੀ.) ਨਵੀਨੀਕਰਨ ਦੌਰੇ ਲਈ ਮਾਹਿਰਾਂ ਦੇ ਪੈਨਲ ਵਿੱਚੋਂ ਦੋ ਮੈਂਬਰੀ ਅਫਸਰਾਂ ਦੀ ਟੀਮ ਨੂੰ ਭੇਜਣ ਦਾ ਪ੍ਰਬੰਧ ਕਰੇਗਾ ।

14.4 ਟੀਮ ਪ੍ਰਮਾਣਿਤ ਕਰੇਗੀ ਕਿ ਸਹੂਲਤਾਂ ਜਿਵੇਂ ਮਸ਼ੀਨਰੀ, ਸਿਵਿਲ ਬੁਨਿਆਦੀ ਢਾਂਚਾ ਆਦਿ ਲਗਾਤਾਰ ਆਪਣੀ ਜਗ੍ਹਾ 'ਤੇ ਹੀ ਹਨ ਅਤੇ ਨਵੀਨੀਕਰਨ ਦੌਰਾ ਰਿਪੋਰਟ (**ਅਨੁਬੰਧ** 7) ਨਿਰਧਾਰਿਤ ਪ੍ਰੋਫਾਰਮੇ ਵਿੱਚ ਜਮਾਂ ਕਰਾਵੇਗੀ । ਟੀਮ ਨਵੀਨੀਕਰਨ ਦੌਰਾ ਰਿਪੋਰਟ ਕਾਰਖਾਨੇ ਦੁਆਰਾ ਬੁਨਿਆਦੀ ਢਾਂਚੇ ਵਿੱਚ ਕੀਤੇ ਗਏ ਵਾਧੇ/ਸੁਧਾਰਾਂ ਨੂੰ ਜੇਕਰ ਹੋਣ ਤਾਂ ਰਿਕਾਰਡ ਅਤੇ ਪ੍ਰਮਾਣਿਤ ਕਰੇਗੀ ।

14.5 ਨਿਰਧਾਰਨ ਅਤੇ ਦਰਜਾਬੰਦੀ ਸੱਲ ਨਵੀਨੀਕਰਨ ਦੌਰਾ ਰਿਪੋਰਟ ਦੀ ਛਾਣਬੀਣ ਕਰੇਗੀ ਅਤੇ ਇਸ ਦਾ ਸਿਫਾਰਿਸ਼ੀ ਪੱਤਰ, ਨਿਰਦੇਸ਼ਕ (ਈ.ਪੀ. ਅਤੇ ਕਯੂ.ਏ) ਨੂੰ ਦੇਵੇਗੀ।

14.6 ਨਵੀਨੋਕਰਨ ਦੌਰੇ ਦੇ ਖੁਲਾਸੇ ਅਤੇ ਏ.ਆਰ.ਸੀ ਦੇ ਸਿਫਾਰਿਸ਼ੀ ਪੱਤਰ ਤੇ ਅਧਾਰਿਤ ਕਾਰਖਾਨੇ ਨੂੰ ਨਵੀਨੀਕਰਨ ਜਾਂ ਹੋਰ ਤਾਰੇ ਦਾ ਦਰਜ਼ਾ ਦਣਾ, ਨਿਰਦੇਸ਼ਕ ਵੱਲੋਂ ਮਨਜ਼ੂਰ ਕੀਤਾ ਜਾਵੇਗਾ।

14.7 ਦਰਜਾਬੰਦੀ ਦੇ ਨਵੀਨੀਕਰਨ ਦੀ ਪ੍ਰਵਾਨਗੀ ਤੇ ਏ.ਆਰ.ਸੀ. ਤਾਰਾ ਦਰਜਾਬੰਦੀ ਦੀ ਨਵੀਨੀਕਰਨ ਵਾਸਤੇ ਪ੍ਰਮਾਣ ਪੱਤਰ ਜਾਰੀ ਕਰਨ ਦਾ ਪ੍ਰਬੰਧ ਕਰੇਗਾ ਜੋ ਕਿ ਹੋਰ ਅੱਗੇ ਦੇ ਤਿੰਨ ਸਾਲ ਦੀ ਮਿਆਦ ਲਈ ਵੈਧ ਹੋਵੇਗਾ ਅਤੇ ਮੁੱਢਲ ਪ੍ਰਮਾਣ ਪੱਤਰ ਦੇ ਮਾਮਲੇ ਵਾਂਗ ਹੀ ਮੱਧ-ਵਰਤੀ ਨਿਗਰਾਨੀ ਦੌਰਾ ਕੀਤਾ ਜਾਵੇਗਾ ।

14.8 ਜੇਕਰ ਤਾਰੇ ਦੀ ਦਰਜਾਬੰਦੀ ਦੇ ਨਵੀਨੀਕਰਨ ਨੂੰ ਮਨਜ਼ਰੀ ਨਹੀਂ ਦਿੱਤੀ ਗਈ ਤਾਂ ਏ.ਆਰ.ਸੀ. ਦਰਜਾਬੰਦੀ ਦੇ ਨਵੀਨੀਕਰਨ ਨੂੰ ਨਾ ਹੋਣ ਦੇ ਕਾਰਨਾਂ ਸਮੇਤ, ਕਾਰਖਾਨੇ ਨੂੰ ਜਾਣਕਾਰੀ ਦੇਵੇਗਾ ।

## 15.0 ਉੱਚੇਰੀ ਦਰਜਾਬੰਦੀ ਲਈ ਨਿਰਧਾਰਨ

15.1 ਤਾਰਾ ਦਰਜਾ ਪ੍ਰਾਪਤ ਜਿੰਨਿੰਗ ਅਤੇ ਦਬਾਅ ਕਾਰਖਾਨੇ ਜੋ ਉੱਚ ਤਾਰਾ ਦਾ ਦਰਜਾ ਲੈਣ ਦ ਚਾਹਵਾਨ ਹਨ ਬੁਨਿਆਦੀ ਸਹੂਲਤਾਂ ਅਤੇ/ਜਾਂ ਪ੍ਰਬੰਧਨ ਅਭਿਆਸਾਂ ਵਿੱਚ ਕੀਤੇ ਹੋਰ ਸੁਧਾਰਾਂ ਕਰਕੇ, ਕਿਸਮ ਦਾ ਦਰਜਾ ਵਧਾਉਣ ਲਈ ਦਰਖਾਸਤ ਦੇਣ ਲਈ ਆਜ਼ਾਦ ਹਨ ਅਤੇ ਮੱਧ-ਵਰਤੀ ਨਿਗਰਾਨੀ ਦੌਰੇ ਜਾਂ ਨਵੀਨੀਕਰਨ ਦੌਰੇ ਦੌਰਾਨ ਤਾਜ਼ਾ ਨਿਰਧਾਰਨ ਦੀ ਮੰਗ ਕਰ ਸਕਦੇ ਹਨ। ਤਾਰਾ ਦਰਜਾਬੰਦੀ ਪ੍ਰਮਾਣ ਪੱਤਰ ਦੇ ਵੱਧ ਸਮੇਂ ਦੇ ਵਿੱਚ ਕਦੇ ਵੀ ਕਾਰਖਾਨੇ ਵਿੱਚ ਦੁਬਾਰਾ ਦੌਰੇ ਲਈ ਲਾਗੂ ਫੀਸ ਦੇ ਨਾਲ, ਤਾਰਾ ਦਰਜਾਬੰਦੀ ਦੇ ਨਿਰਧਾਰਨ ਲਈ ਦੁਬਾਰਾ ਦੌਰੇ ਦੀ ਬੇਨਤੀ ਕਰ ਸਕਦੇ ਹਨ ।

15.2 ਉਚੇਰੀ ਤਾਰਾ ਦਰਜਾਬੰਦੀ ਲੈਣ ਦੇ ਚਾਹਵਾਨ ਕਾਰਾਖਾਨੇ ਇੱਕ ਪ੍ਰਾਰਥਨਾਂ ਪੱਤਰ ਦੇ ਸਕਦੇ ਹਨ ਜਿਸ ਵਿੱਚ ਕਿ ਬੁਨਿਆਦੀ ਸਹੂਲਤਾਂ ਅਤੇ ਪ੍ਰਬੰਧਨ ਅਭਿਆਸਾਂ ਵਿੱਚ ਕੀਤੇ ਸੁਧਾਰਾਂ ਨੂੰ ਦਰਸਾਇਆ ਹੋਵੇ । ਕਾਰਖਾਨਿਆਂ ਕੋਲੋ ਪ੍ਰਾਰਥਨਾਂ ਪੱਤਰ ਕਾਫੀ ਸਮਾਂ ਪਹਿਲਾ ਦਣ ਦੀ ਉਮੀਦ ਕੀਤੀ ਜਾਂਦੀ ਹੈ।

15.3 ਬੇਨਤੀ ਪੱਤਰ ਪ੍ਰਾਪਤ ਹੋਣ ਤ ਨਿਰਧਾਰਨ ਅਤੇ ਦਰਜਾਬੰਦੀ ਸੈੱਲ ਤਾਜਾ ਨਿਰਧਾਰਨ ਵਾਸਤੇ ਮਾਹਿਰਾਂ ਦੇ ਪੈਨਲ ਵਿੱਚੋਂ ਅਫਸਰ ਨਿਯੁਕਤ ਕਰਨ ਦਾ ਪ੍ਰਬੰਧ ਕਰੇਗਾ।

15.4 ਨਿਯੁਕਤ ਅਫਸਰ ਕਾਰਖਾਨੇ ਵੱਲੋਂ ਦਰਸਾਏ ਗਏ ਸੁਧਾਰਾਂ ਨੂੰ ਪ੍ਰਮਾਣਿਤ ਕਰੇਗਾ, ਜੇਕਰ ਕਾਰਖਾਨਾ ਪਹਿਲੀ ਨਜ਼ਰੇ ਉੱਚ ਦਰਜਾਬੰਦੀ ਲਈ ਯੋਗ ਪਾਇਆ ਜਾਂਦਾ ਹੈ, ਅਧਿਕਾਰੀ ਤਾਜਾ ਨਿਰਧਾਰਨ ਕਰੇਗਾ ਅਤੇ ਸ਼ੁਰੂਆਤੀ ਨਿਰਧਾਰਨ ਦੇ ਕੇਸ ਵਾਲੀ ਪ੍ਰਕਿਰਿਆ ਅਪਣਾਈ ਜਾਵੇਗੀ ਅਤੇ ਅਨੁਬੰਧ-3 ਵਿਚਲੇ ਪ੍ਰੋਫਾਰਮੇ ਵਿੱਚ ਦੌਰਾ ਟੀਮ ਦੀ ਰਿਪੋਰਟ ਸਮੇਤ ਫੋਟੋਆਂ ਜਮ੍ਹਾਂ ਕਰਾਵੇਗਾ । ਲਾਗੂ ਦਰਜਾਬੰਦੀ ਨਿਰਧਾਰਨ ਅਨੁਸਾਰ ਦਿੱਤੀ ਜਾਵੇਗੀ ਅਤੇ ਦਰਜਾਬੰਦੀ ਕਸੌਟੀ ਮੱਢਲੇ ਨਿਰਧਾਰਨ ਕੇਸ ਵਾਲੀ ਹੀ ਹੋਵੇਗੀ ।

15.5 ਤਾਜਾ ਨਿਰਧਾਰਨ ਤੇ ਇਸ ਤਰ੍ਹਾਂ ਦਿੱਤੀ ਦਰਜਾਬੰਦੀ ਪਹਿਲੇ ਦਿੱਤੀ ਦਰਜਾਬੰਦੀ ਦੇ ਪ੍ਰਮਾਣ ਪੱਤਰ ਦੀ ਮਿਆਦ ਦੀ ਵੈਧਤਾ ਵਿੱਚੋਂ ਬਚੇ ਵੈਧ ਭਾਗ ਲਈ ਵੈਧ ਹੋਵੇਗੀ।

## 16.0 ਬੇਨਤੀ ਤੇ ਦੁਬਾਰਾ ਦੌਰੇ ਲਈ ਪ੍ਰਬੰਧ ਅਤੇ ਦੁਬਾਰਾ ਦੌਰਾ ਫੀਸ

16.1 ਅਨੁਸੂਚਿਤ ਨਿਰਧਾਰਨ  ਦੌਰਾ ਅਤੇ ਮੱਧ-ਵਰਤੀ ਨਿਗਰਾਨੀ ਦੌਰੇ ਤੋਂ ਇਲਾਵਾ, ਕਾਰਖਾਨਾ ਤਾਰਾ ਦਰਜਾਬੰਦੀ ਦੀ ਉਚੇਰੀ ਜਾਂ ਆਰਜ਼ੀ ਦਰਜਾਬੰਦੀ ਸਥਿਤੀ ਦਰਜ ਤੋਂ ਤਾਰਾ ਦਰਜਾਬੰਦੀ ਪ੍ਰਾਪਤ ਕਰਨ ਲਈ ਜਾਂ ਸੀਮਿਤ ਸਮੇਂ ਲਈ ਇੱਕ ਤਾਰਾ ਦਰਜਾਬੰਦੀ  ਤੋਂ ਨਿਯਮਤ ਤਾਰਾ ਦਰਜਾਬੰਦੀ ਪ੍ਰਾਪਤ ਕਰਨ ਲਈ, ਦੁਬਾਰਾ ਦੌਰੇ ਦੀ ਬੇਨਤੀ ਕਰ ਸਕਦਾ ਹੈ।

16.2 ਦੁਬਾਰਾ ਦੌਰੇ ਦੀ ਫੀਸ 15000 ਰੁਪਏ ਹੈ।

16.3 ਪਰ ਦੁਬਾਰਾ ਦੌਰੇ ਦੀ ਫੀਸ ਵਿੱਚ ਉਹਨਾਂ ਕਾਰਖਾਨਿਆਂ ਲਈ ਛੋਟ ਹੈ ਜੋ ਦਰਜਾਬੰਦੀ ਦੇ ਪ੍ਰਮਾਣ ਪੱਤਰ/ਆਰਜ਼ੀ ਦਰਜਾਬੰਦੀ ਸਥਿਤੀ ਦੇ ਪੱਤਰ ਦੀ ਮਿਤੀ ਤੋਂ ਇੱਕ ਸਾਲ ਵਿੱਚ ਦੁਬਾਰਾ ਦੌਰੇ ਦੇ ਇਛੁੱਕ ਹਨ।

16.4 ਕਾਰਖਾਨੇ ਜੋ ਨਿਰਧਾਰਨ ਟੀਮ ਦੇ ਦੌਰੇ ਤੇ ਬੰਦ ਪਾਏ ਜਾਣਗੇ, ਆਪਸੀ ਸਹਿਮਤੀ ’ਤੇ ਦੁਬਾਰਾ ਦੌਰੇ ਲਈ ਸਮਾਂ ਤਹਿ ਕਰ ਸਕਦੇ ਹਨ। ਉਹਨਾਂ ਕਾਰਖਾਨਿਆਂ ਨੂੰ ਦੁਬਾਰਾ ਫੀਸ ਵਿੱਚ ਇੱਕ ਵਾਰ  ਲਈ ਛੋਟ ਹੋਵੇਗੀ ਜੋ ਕਿ ਪਿਛਲੇ ਦੌਰੇ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ-ਅੰਦਰ ਦੁਬਾਰਾ ਦੌਰੇ ਦੇ ਇਛੁੱਕ ਹੋਣਗੇ।